# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

14

ਰਜਿਸਟਰਡ

ਨੰ ...1320....../(ਕਾਲਜ)/ਜੀ.ਸੀ.1
ਮਿਤੀ ....18/2/10./2010

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ ਫਾਰ ਵਿਮੈਨ,
ਚੁੜਲ ਕਲਾਂ (ਸੰਗਰੂਰ)

**ਵਿਸ਼ਾ:- ਸੈਸ਼ਨ 2009-10 ਤੋਂ ਬੀ.ਸੀ.ਏ, ਬੀ.ਬੀ.ਏ ਅਤੇ ਪੀ.ਜੀ.ਡੀ.ਸੀ.ਏ ਕੋਰਸਾਂ ਦੀ ਪ੍ਰਵਾਨਗੀ ਸਬੰਧੀ।**

ਸ਼੍ਰੀਮਾਨ ਜੀ,

ਇਸ ਦਫ਼ਤਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰਬਰ 13171/ਕਾਲਜ/ਜੀ.ਸੀ-1 ਮਿਤੀ 24-12-2009 ਦੀ ਲੜੀ ਵਿਚ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੋਰਸਾਂ ਦੇ ਭਾਗ ਪਹਿਲਾ ਦੀ ਪ੍ਰਵਾਨਗੀ ਸਬੰਧੀ ਕਾਲਜ ਨੂੰ ਆਰਜ਼ੀ ਸਬੰਧਤਾ ਪ੍ਰਦਾਨ ਕਰਨ ਸਮੇਂ ਲਗਾਈਆਂ ਸ਼ਰਤਾਂ/ਹਦਾਇਤਾਂ ਦੀ ਪੂਰਤੀ (ਰਿਪੋਰਟ ਪਹਿਲਾਂ ਭੇਜੀ ਜਾ ਚੁੱਕੀ ਹੈ) ਕਰਕੇ ਵੇਰਵੇ ਸਹਿਤ ਜਾਣਕਾਰੀ ਦਫ਼ਤਰ ਨੂੰ ਭੇਜੀ ਜਾਵੇ। ਇਸ ਦੇ ਨਾਲ ਹੀ ਸੈਸ਼ਨ 2010-11 ਤੋਂ ਬੀ.ਸੀ.ਏ ਭਾਗ ਦੂਜਾ ਅਤੇ ਬੀ.ਬੀ.ਏ ਭਾਗ ਦੂਜਾ ਦੀ ਪ੍ਰਵਾਨਗੀ ਸਬੰਧੀ ਵੀ ਮੁਆਇਨਾ ਕਰਨ ਲਈ ਬੇਨਤੀ ਪੱਤਰ ਵੀ ਭੇਜਿਆ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਵਿਸ਼ਵਾਸਪਾਤਰ,

[signature]

ਸਹਾਇਕ ਰਜਿਸਟਰਾਰ (ਕਾਲਜਾਂ)

6

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 12244 /(ਕਾਲਜ)/ਜੀ.ਸੀ.1

ਮਿਤੀ 19/8/10/2010

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ ਫਾਰ ਵਿਮੈਨ,
ਚੂੜਲ ਕਲਾਂ, ਸੰਗੂਰਰ।

ਵਿਸ਼ਾ:- ਸੈਸ਼ਨ 2010-11 ਤੋਂ ਐਮ.ਐਸ.ਸੀ (ਆਈ.ਟੀ) (ਲੇਟਰਲ ਐਂਟਰੀ), ਬੀ.ਬੀ.ਏ ਭਾਗ ਦੂਜਾ ਅਤੇ ਬੀ.ਸੀ.ਏ ਭਾਗ ਦੂਜਾ ਸੁਰੂ ਕਰਨ ਦੀ ਪ੍ਰਵਾਨਗੀ ਸਬੰਧੀ।

ਸ਼੍ਰੀਮਾਨ ਜੀ,

ਆਪ ਜੀ ਦੇ ਪੱਤਰ ਨੰਬਰ ਸੀ.ਡੀ.ਸੀ/10/59 ਮਿਤੀ 5-8-2010 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਅਤੇ ਮੁਆਇਨਾ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਦਰਜ ਸ਼ਰਤਾਂ ਦੀ ਪੂਰਤੀ ਦੀ ਆਸ ਵਿਚ 2010-11 ਤੋਂ ਐਮ.ਐਸ.ਸੀ (ਆਈ.ਟੀ) (ਲੇਟਰਲ ਐਂਟਰੀ) (30 ਸੀਟਾਂ), ਬੀ.ਬੀ.ਏ ਭਾਗ ਦੂਜਾ ਅਤੇ ਬੀ.ਸੀ.ਏ ਭਾਗ ਦੂਜਾ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਰਿਪੋਰਟ ਵਿਚ ਦਰਜ ਸ਼ਰੁਤਾਂ (ਪ੍ਰਿੰਸੀਪਲ ਅਤੇ ਟੀਚਿੰਗ ਸਟਾਫ਼ ਦੀ ਨਿਯੁਕਤੀ ਸਮੇਤ) ਦੀ ਪੂਰਤੀ ਕਰਕੇ ਵੇਰਵੇ ਸਹਿਤ ਰਿਪੋਰਟ ਦਫ਼ਤਰ ਨੂੰ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਸਹਾਇਕ ਰਜਿਸਟਰਾਰ (ਕਾਲਜਾਂ)

186

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ

ਨੰ...22751......./(ਕਾਲਜ)/ਜੀ.ਸੀ.4
ਮਿਤੀ ....19/11/5/2011

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ ਫਾਰ ਵਿਮੈਨ,
ਚੂੜਲ ਕਲਾਂ, ਸੰਗਰੂਰ।

**ਵਿਸ਼ਾ:-ਸੈਸ਼ਨ 2011-12 ਤੋਂ ਬੀ.ਸੀ.ਏ ਭਾਗ ਤੀਜਾ ਅਤੇ ਬੀ.ਬੀ.ਏ ਭਾਗ ਤੀਜਾ ਸ਼ੁਰੂ ਕਰਨ ਦੀ ਪ੍ਰਵਾਨਗੀ ਸਬੰਧੀ।**

ਸ੍ਰੀਮਾਨ ਜੀ,

ਆਪ ਜੀ ਦੇ ਪੱਤਰ ਨੰਬਰ CDC(CK)/2011/141 ਮਿਤੀ 19-5-2011 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਮੁਆਇਨਾ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ (ਕਾਪੀ ਨੱਥੀ ਹੈ) ਵਿਚ ਦਰਜ ਸ਼ਰਤਾਂ ਦੀ ਪੂਰਤੀ ਦੀ ਆਸ ਵਿਚ **ਸੈਸ਼ਨ 2011-12 ਤੋਂ ਬੀ.ਸੀ.ਏ ਭਾਗ ਤੀਜਾ ਅਤੇ ਬੀ.ਬੀ.ਏ ਭਾਗ ਤੀਜਾ** ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਉਕਤ ਤੋਂ ਇਲਾਵਾ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਮੁਆਇਨਾ ਕਮੇਟੀ ਵਲੋਂ ਲਗਾਈਆਂ ਸ਼ਰਤਾਂ (ਟੀਚਿੰਗ ਸਟਾਫ ਦੀ ਨਿਯੁਕਤੀ ਸਮੇਤ) ਦੀ ਪੂਰਤੀ ਕਰਕੇ ਜਲਦੀ ਤੋਂ ਜਲਦੀ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਨੱਥੀ/ ਉਪਰੋਕਤ ਅਨੁਸਾਰ

ਵਿਸ਼ਵਾਸਪਾਤਰ,
ਸਹਾਇਕ ਰਜਿਸਟਰਾਰ (ਕਾਲਜਾਂ)

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ

ਨੰ. 15007/ਕਾਲਜ/ਸ-4

ਮਿਤੀ 7/9/15/2015

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ,
ਚੂੜਲ ਕਲਾਂ,
ਜਿਲ੍ਹਾ ਸੰਗਰੂਰ।

ਵਿਸ਼ਾ: ਕਾਲਜ ਵਿਖੇ ਸੈਸ਼ਨ 2015-16 ਤੋਂ ਐਮ.ਏ (ਪੰਜਾਬੀ) ਭਾਗ ਪਹਿਲਾ ਅਤੇ ਬੀ.ਏ ਪੱਧਰ ਤੇ ਫਿਜ਼ੀਕਲ ਐਜੂਕੇਸ਼ਨ ਵਿਸ਼ੇ ਦਾ ਵਾਧੂ ਯੂਨਿਟ, ਹਿੰਦੀ, ਸੋਸ਼ਿਆਲੋਜੀ, ਰਿਲੀਜ਼ਨ ਅਤੇ ਕੰਪਿਊਟਰ ਐਪਲੀਕੇਸ਼ਨ ਦਾ ਵਿਸ਼ਾ ਸ਼ੁਰੂ ਕਰਨ ਦੀ ਪ੍ਰਵਾਨਗੀ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੇ ਪੱਤਰ ਨੰਬਰ ਸੀ.ਡੀ.ਸੀ/ਸੀ.ਕੇ/2015/693 ਮਿਤੀ 27-8-2015 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਮੁਆਇਨਾ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ (ਕਾਪੀ ਪਹਿਲਾਂ ਭੇਜੀ ਜਾ ਚੁੱਕੀ ਹੈ) ਵਿਚ ਦਰਜ ਸ਼ਰਤਾਂ ਦੀ ਪੂਰਤੀ ਦੀ ਆਸ ਵਿਚ ਸੈਸ਼ਨ 2015-16 ਤੋਂ ਐਮ.ਏ (ਪੰਜਾਬੀ) ਭਾਗ ਪਹਿਲਾ (30 ਸੀਟਾਂ) ਅਤੇ ਬੀ.ਏ ਪੱਧਰ ਤੇ ਫਿਜ਼ੀਕਲ ਐਜੂਕੇਸ਼ਨ ਵਿਸ਼ੇ ਦਾ ਵਾਧੂ ਯੂਨਿਟ (80 ਸੀਟਾਂ), ਹਿੰਦੀ, ਸੋਸ਼ਿਆਲੋਜੀ, ਰਿਲੀਜ਼ਨ ਅਤੇ ਕੰਪਿਊਟਰ ਐਪਲੀਕੇਸ਼ਨ ਦਾ ਵਿਸ਼ਾ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਉਕਤ ਤੋਂ ਇਲਾਵਾ ਡੀਨ, ਕਾਲਜ ਵਿਕਾਸ ਕੌਂਸਲ ਵਲੋਂ ਹੋਏ ਆਦੇਸ਼ਾਂ ਅਨੁਸਾਰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਮੁਆਇਨਾ ਕਮੇਟੀ ਦੀ ਸ਼ਰਤ ਅਨੁਸਾਰ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਟੀਚਿੰਗ ਸਟਾਫ ਦੀ ਨਿਯੁਕਤੀ ਕਰਕੇ (ਦਸਤਾਵੇਜ਼/ਫੋਟੋਕਾਪੀਆਂ ਸਮੇਤ) ਦਫਤਰ ਨੂੰ ਸੂਚਿਤ ਕੀਤਾ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿਚ ਅਗਲੇ ਸੈਸ਼ਨ (ਸੈਸ਼ਨ 2016-17) ਤੋਂ ਉਕਤ ਕੋਰਸਾਂ ਦੇ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲਿਆਂ ਤੇ ਰੋਕ ਲਗਾਉਣ ਸਬੰਧੀ ਅਗਲੇਰੀ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਵਿਸ਼ਵਾਸਪਾਤਰ,
7/9/15
ਸਹਾਇਕ ਰਜਿਸਟਰਾਰ (ਕਾਲਜਾਂ)

ਸਹਾਇਕ ਰਜਿਸਟਰਾਰ (ਕਾਲਜ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਰਜਿਸਟਰਡ

ਨੰ 10379 /ਕਾਲਜ/ਜੀ.ਸੀ.4

ਮਿਤੀ 22/8/14 /2014

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ ਫਾਰ ਵਿਮੈਨ,
ਚੂਤਲ ਕਲਾਂ,
ਜਿਲ੍ਹਾ ਸੰਗਰੂਰ।

ਵਿਸ਼ਾ: ਕਾਲਜ ਵਿਖੇ ਸੈਸ਼ਨ 2014-15 ਤੋਂ ਬੀ.ਏ ਭਾਗ ਤੀਜਾ ਕੋਰਸ ਸ਼ੁਰੂ ਕਰਨ ਅਤੇ ਕਾਲਜ ਨੂੰ ਗਰਲਜ਼ ਕਾਲਜ ਤੋਂ ਕੋ-ਐਜੂਕੇਸ਼ਨ ਕਰਨ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੇ ਪੱਤਰ ਨੰਬਰ ਸੀ.ਡੀ.ਸੀ/ਸੀ.ਕੇ/2014/544 ਮਿਤੀ 19-7-2014 ਦੇ ਹਵਾਲੇ ਵਿਚ ਡੀਨ, ਕਾਲਜ ਵਿਕਾਸ ਕੌਂਸਲ ਵਲੋਂ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2014-15 ਤੋਂ ਉਕਤ ਕੋਰਸ ਸ਼ੁਰੂ ਕਰਨ ਅਤੇ ਕਾਲਜ ਨੂੰ ਗਰਲਜ਼ ਕਾਲਜ ਤੋਂ ਕੋ-ਐਜੂਕੇਸ਼ਨ ਕਰਨ ਸਬੰਧੀ ਅਗਲੇਰੀ ਕਾਰਵਾਈ ਕਰਨ ਤੋ ਪਹਿਲਾਂ ਇੰਡੋਮੈਂਟ ਫੰਡ ਵਜੋਂ ਲੋੜੀਂਦੀ 15 ਲੱਖ ਰੁਪਏ ਦੀ ਐਫ.ਡੀ.ਆਰ ਡੀਨ, ਕਾਲਜ ਵਿਕਾਸ ਕੌਂਸਲ ਦੇ ਨਾਮ ਭੇਜੀ ਜਾਵੇ। ਇਸ ਉਪਰੰਤ ਹੀ ਉਕਤ ਸਬੰਧੀ ਅਗਲੇਰੀ ਕਾਰਵਾਈ ਕਰਨੀ ਸੰਭਵ ਹੋਵੇਗੀ।

ਵਿਸ਼ਵਾਸਪਾਤਰ,

ਸਹਾਇਕ ਰਜਿਸਟਰਾਰ (ਕਾਲਜਾਂ)

Letters 2022

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ/ਈ-ਮੇਲ

ਨੰ....1764...../ਕਾਲਜਾਂ/ਸ-4

ਮਿਤੀ ....23/5../2022

ਪ੍ਰਿੰਸੀਪਲ,
ਕਰਨਲ ਡਿਗਰੀ ਕਾਲਜ,
ਚੂੜਲ ਕਲਾਂ-148031
ਜਿਲ੍ਹਾ ਸੰਗਰੂਰ।

ਵਿਸ਼ਾ: ਕਾਲਜ ਵਿਖੇ ਸੈਸ਼ਨ 2022-23 ਤੋਂ ਐਮ.ਏ (ਪੁਲੀਟੀਕਲ ਸਾਇੰਸ) ਭਾਗ ਪਹਿਲਾ, ਬੀ.ਕਾਮ ਭਾਗ ਪਹਿਲਾ ਅਤੇ ਡੀ.ਲਿਬ ਕੋਰਸਾਂ ਵਿਚ ਦਾਖਲੇ ਕਰਨ ਸਬੰਧੀ।

ਹਵਾਲਾ: ਪੱਤਰ ਨੰ: **CDC/CK/2022/1621 Dated 25-04-2022**

ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਵਲੋਂ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2022-23 ਤੋਂ ਐਮ.ਏ (ਪੁਲੀਟੀਕਲ ਸਾਇੰਸ) ਭਾਗ ਪਹਿਲਾ ਅਤੇ ਬੀ.ਕਾਮ ਭਾਗ ਪਹਿਲਾ ਕੋਰਸਾਂ ਵਿਚ ਦਾਖਲੇ ਕਰਨ ਤੋਂ ਪਹਿਲਾਂ ਮੁਆਇਨਾ ਕਮੇਟੀ ਵਲੋਂ ਲਗਾਈਆਂ ਸ਼ਰਤਾਂ (ਮੁੱਖ ਤੌਰ ਤੇ ਟੀਚਿੰਗ ਸਟਾਫ ਦੀ ਨਿਯੁਕਤੀ ਸਬੰਧੀ) ਦੀ ਇੰਨ-ਬਿੰਨ ਪੂਰਤੀ ਕਰਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਸ ਉਪਰੰਤ ਹੀ ਇਨ੍ਹਾਂ ਕੋਰਸਾਂ ਵਿਚ ਦਾਖਲੇ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਰਜਿਸਟਰਾਰ (ਕਾਲਜਾਂ)